brampton.ca BRAMPTON Flower City

media release

ਤੁਰੰਤ ਰਿਲੀਜ ਲਈ

## ਸਿਟੀ ਨੇ ਦੁਨੀਆ ਨੂੰ ਬ੍ਰੈਂਪਟਨ ਵਿੱਚ ਲਿਆਉਣ ਦੀ ਕਾਰਜਨੀਤੀ ਸ਼ੁਰੂ ਕੀਤੀ

ਬ੍ਰੈਂਪਟਨ, ਓਨਟੈਰੀਓ (29 ਮਈ, 2019) – ਅੱਜ ਸਿਟੀ ਆਫ ਬ੍ਰੈਂਪਟਨ ਦੇ ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ (Economic Development and Culture) ਆਫਿਸ ਨੇ ਪੂਰੀ ਦੁਨੀਆ ਵਿੱਚ ਵੱਧ ਮਜ਼ਬੂਤ ਆਰਥਿਕ ਸਬੰਧਾਂ ਦਾ ਨਿਰਮਾਣ ਕਰਕੇ ਬ੍ਰੈਂਪਟਨ ਵਿੱਚ ਨੌਕਰੀਆਂ ਅਤੇ ਵਿਕਾਸ ਨੂੰ ਵਧਾਉਣ ਲਈ ਕਦਮ-ਦਰ-ਕਦਮ ਪਲਾਨ ਦਾ ਪ੍ਰਗਟਾਵਾ ਕੀਤਾ। ਇਸ ਪਲਾਨ ਦਾ ਟੀਚਾ ਦੁਨੀਆ ਨੂੰ ਇਹ ਦਿਖਾਉਣਾ ਹੈ ਕਿ ਬ੍ਰੈਂਪਟਨ ਮੌਕਿਆਂ ਦਾ ਸ਼ਹਿਰ ਹੈ।

ਬ੍ਰੈਂਪਟਨ ਦੀ ਫੋਰਨ ਡਾਇਰੈਕਟ ਇਨਵੈਸਟਮੈਂਟ (ਐਫ.ਡੀ.ਆਈ.) (Foreign Direct Investment) (FDI) ਕਾਰਜਨੀਤੀ ਸਬੰਧੀ ਸੰਪਤੀਆਂ ਦੇ ਉਹਨਾਂ ਪ੍ਰਕਾਰਾਂ ਦੇ ਨਿਰਮਾਣ ਤੇ ਕੇਂਦਰਿਤ ਹੈ, ਜੋ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਨ ਅਤੇ ਕਈ ਮੁੱਖ ਆਰਥਿਕ ਸੈਕਟਰਾਂ – ਐਡਵਾਂਸਡ ਮੈਨਯੂਫੈਕਚਿੰਗ (Advanced Manufacturing), ਹੈਲਥ ਐਂਡ ਲਾਈਫ ਸਾਇੰਸਿਜ (Health and Life Sciences) ਅਤੇ ਇਨੋਵੇਸ਼ਨ ਐਂਡ ਟੈਕਨੋਲੋਜੀ (Innovation and Technology) ਵਿੱਚ ਸਿਟੀ ਦੀ ਮੌਜੂਦਾ ਸਮਰਥਤਾਵਾਂ ਦਾ ਲਾਭ ਉਠਾਉਂਦੇ ਹਨ।

ਸਿਟੀ ਦੇ ਐਫ.ਡੀ.ਆਈ. (FDI) ਪਲਾਨ ਨੂੰ, ਅਮਰੀਕਾ (US) ਅਤੇ ਵੈਸਟਰਨ ਯੂਰੋਪ (Western Europe) ਵਰਗੀਆਂ ਆਰਥਿਕ ਤੌਰ ਤੇ ਵੱਧ ਸਮਾਨ ਮਾਰਕੀਟਾਂ ਤੋਂ ਲੈ ਕੇ, ਚੀਨ (China) ਵਿੱਚ ਵੱਧ ਲੰਮੀ ਮਿਆਦ ਦੀਆਂ ਸੰਭਾਵਨਾਵਾਂ ਤੱਕ, ਕਈ ਭੂਗੋਲਿਕ ਖੇਤਰਾਂ ਵਿੱਚ ਵੰਨ-ਸੁਵੰਨਾ ਬਣਾਇਆ ਗਿਆ ਹੈ।

ਦੁਨੀਆ ਨਾਲ ਸਾਂਝਾ ਕਰਨ ਲਈ ਬ੍ਰੈਂਪਟਨ ਦੀ ਇੱਕ ਰੋਮਾਂਚਕਾਰੀ ਕਹਾਨੀ ਹੈ। ਮੁੱਖ ਟ੍ਰਾਂਸਪੋਰਟੇਸ਼ਨ ਨੈੱਟਵਰਕਾਂ ਦੇ ਕੋਲ ਇਸਦੇ ਮੁੱਖ ਸਥਾਨ ਦੇ ਇਲਾਵਾ, ਸਿਟੀ ਨਵੇਂ ਕਾਰੋਬਾਰਾਂ ਨੂੰ ਆਕਰਸ਼ਿਤ ਕਰਨ ਲਈ ਸੰਪਤੀਆਂ ਵਿਕਸਿਤ ਕਰ ਰਹੀ ਹੈ। ਨਵਾਂ ਕੋਵਰਕਿੰਗ ਸਪੇਸ (coworking space), ਸਾਈਬਰਸਿਕਿਓਰ ਕੈਟਾਲਿਸਟ (Cybersecure Catalyst) ਅਤੇ ਰਾਇਰਸਨ ਯੂਨੀਵਰਸਿਟੀ (Ryerson University), ਅਲਗੋਮਾ ਯੂਨੀਵਰਸਿਟੀ (Algoma University) ਅਤੇ ਸ਼ੈਰੀਡਨ ਕਾਲੇਜ (Sheridan College) ਦੇ ਨਾਲ ਨਵੇਂ ਪੋਸਟ-ਸੈਕੰਡਰੀ ਮੌਕੇ ਹਨ।

28 ਮਈ ਨੂੰ, ਬ੍ਰੈਂਪਟਨ ਦੇ ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ ਆਫਿਸ ਨੇ ਐਫ.ਡੀ.ਆਈ. ਦ੍ਰਿਸ਼ਟੀਕੋਣ ਅਤੇ ਨਵੇਂ ਅੰਬੈਸਡਰ ਪ੍ਰੋਗਰਾਮ (Ambassador Program) ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਬ੍ਰੈਂਪਟਨ ਬੋਰਡ ਆਫ ਟ੍ਰੇਡ (Brampton Board of Trade) ਦੇ ਨਾਲ ਬਿਜਨੇਸ ਬ੍ਰੇਕਫਾਸਟ ਦਾ ਆਯੋਜਨ ਕੀਤਾ। ਇਸ ਪ੍ਰੋਗਰਾਮ ਵਿੱਚ ਕਈ ਸਥਾਨਕ ਕਾਰੋਬਾਰੀ ਹਿੱਸਾ ਲੈ ਰਹੇ ਹਨ। ਇਹ ਪ੍ਰੋਗਰਾਮ ਸਿਟੀ ਦੀ ਐਫ.ਡੀ.ਆਈ. ਕਾਰਜਨੀਤੀ ਦੇ ਅਨੁਕੂਲ ਹੈ ਅਤੇ ਸਥਾਨਕ ਕਾਰੋਬਾਰੀਆਂ ਨੂੰ ਉਹਨਾਂ ਦੇ ਗਲੋਬਲ ਸਾਂਝੇਦਾਰਾਂ ਦੇ ਸਨਮੁਖ ਬ੍ਰੈਂਪਟਨ ਦੀਆਂ ਵਿਸ਼ੇਸ਼ਤਾਵਾਂ ਲਿਆਉਣ ਵਿੱਚ ਸਮਰੱਥ ਬਣਾਉਂਦਾ ਹੈ।

ਇਸ ਸਾਲ ਦੇ ਸ਼ੁਰੂ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਐਫ.ਡੀ.ਆਈ. ਕਾਰਜਨੀਤੀ ਅਤੇ ਕਾਰਜ ਪਲਾਨ ਲਾਗੂ ਕਰਨ ਵਾਸਤੇ ਵਰਤੇ ਜਾਣ ਲਈ $1.875 ਮਿਲੀਅਨ ਦੇ ਓਪਰੇਟਿੰਗ ਕੈਪੀਟਲ ਬਜਟ (Operating Capital Budget) ਨੂੰ ਮਨਜ਼ੂਰੀ ਦਿੱਤੀ ਸੀ। ਅਗਲੇ ਕਦਮਾਂ ਦੇ ਤੌਰ ਤੇ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ ਆਫਿਸ, ਅੱਜ ਦੇ ਐਫ.ਡੀ.ਆਈ. ਮਹੌਲ ਵਿੱਚ ਨਿਵੇਸ਼ਕਾਂ ਦੇ ਸਾਹਮਣੇ ਸਿਟੀ ਦੇ ਮੁੱਲ ਨੂੰ ਪਰਿਭਾਸ਼ਿਤ ਕਰਨ ਅਤੇ ਕਾਰਜਨੀਤੀ ਲਈ ਇੱਕ ਲਾਗੂਕਰਣ ਪਲਾਨ ਵਿਕਸਿਤ ਕਰਨ ਲਈ ਇੱਕ ਮਾਰਕੀਟਿੰਗ ਮੁਹਿੰਮ ਅਤੇ ਸਰੋਤ ਮਾਹਰ ਮਦਦ ਵਿਕਸਿਤ ਕਰੇਗਾ।

**ਹਵਾਲੇ**

"ਮੈਂ ਬਹੁਤ ਉਤਸ਼ਾਹਿਤ ਹਾਂ ਕਿ ਇਹ ਕਾਰਜਨੀਤੀ ਬ੍ਰੈਂਪਟਨ ਵਿੱਚ ਸ਼ੁਰੂ ਕੀਤੀ ਜਾ ਰਹੀ ਹੈ। ਇਹ ਸਿਟੀ ਦੇ ਭਵਿੱਖ ਵਿੱਚ ਇੱਕ ਨਿਵੇਸ਼ ਹੈ। ਅਸੀਂ ਚਾਹੁੰਦੇ ਹਾਂ ਕਿ ਉੱਚ ਉਦਯੋਗ ਇਹ ਜਾਣਨ ਕਿ ਜਦੋਂ ਉਹ ਵਿਕਾਸ, ਵਿਸਤਾਰ ਅਤੇ ਨਿਵੇਸ਼ ਕਰਨ ਲਈ ਬ੍ਰੈਂਪਟਨ ਦੀ ਚੋਣ ਕਰਦੇ ਹਨ, ਤਾਂ ਉਹਨਾਂ ਨੂੰ ਉੱਚ ਕੁਸ਼ਲਤਾ ਵਾਲੀ ਪ੍ਰਤਿਭਾ, ਟਾਕਰੇ ਦੇ ਲਾਭ ਅਤੇ ਗਲੋਬਲ ਮਾਰਕੀਟ ਪਲੇਸ ਤੱਕ ਪਹੁੰਚ ਮਿਲੇਗੀ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

“ਬ੍ਰੈਂਪਟਨ ਇੱਕ ਮਜ਼ਬੂਤ ਅਤੇ ਨਵੀਨਤਾਕਾਰੀ ਬ੍ਰਾਂਡ ਕਾਰਜਨੀਤੀ ਦੇ ਨਾਲ ਗਲੋਬਲ ਮਾਰਕੀਟਪਲੇਸ ਦੇ ਅੰਦਰ ਆਪਣੀ ਪ੍ਰੋਫਾਈਲ ਨੂੰ ਮਜ਼ਬੂਤ ਬਣਾਉਣ ਦੀ ਸਥਿਤੀ ਵਿੱਚ ਹੋਵੇਗਾ। ਇਹ ਕਾਰਜਨੀਤੀ ਕਾਰੋਬਾਰ, ਵਿਦੇਸ਼ੀ ਨਿਵੇਸ਼ ਅਤੇ ਨੌਕਰੀਆਂ ਨੂੰ ਆਕਰਸ਼ਿਤ ਕਰੇਗੀ। ਅਸੀਂ ਟਾਕਰੇ ਦੇ ਅੰਤਰਰਾਸ਼ਟਰੀ ਪੱਧਰ ਤੇ ਮੁੱਖ ਉਦਯੋਗਾਂ ਵਿੱਚ ਆਪਣਾ ਮਹੱਤਵਪੂਰਨ ਅਸਰ ਪਾਉਣ ਲਈ ਉਤਸ਼ਾਹਿਤ ਹਾਂ।”

- *ਰੀਜਨਲ ਕਾਊਂਸਲਰ ਗੁਰਪ੍ਰੀਤ ਐਸ. ਢਿੱਲੋਂ (Gurpreet S. Dhillon), ਚੇਅਰ ਆਫ ਇਕੋਨੋਮਿਕ ਡੈਵਲੈਪਮੈਂਟ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca